# ਇੱਥੇ ਘਰ ਵਿਚ ਪੜ੍ਹਨਾ ਉਤਸ਼ਾਹਤ ਕਰਨ ਲਈ 7 ਚੌਂਣਵੇ ਸੁਝਾਅ ਦਿੱਤੇ ਗਏ ਹਨ:

PUNJABI

**1 ਪੜ੍ਹੋ ਅਤੇ ਥੋੜ੍ਹਾ ਹੋਰ ਪੜ੍ਹੋ!**

ਕਿਤਾਬਾਂ ਸ਼ਾਨਦਾਰ ਹਨ—ਪਰ ਪਰਚੇ, ਕਾਮਿਕਸ, ਖਾਣਾ ਪਕਾਉਣ ਦੇ ਤਰੀਕੇ ਅਤੇ ਇਕ ਵੈਬਪੇਜ਼ ਉੱਪਰ ਦਿੱਤੀਆਂ ਹਦਾਇਤਾਂ, ਇਹ ਸਭ ਵੀ ਸ਼ਾਨਦਾਰ ਹੋ ਸਕਦੇ ਹਨ।

**2 ਆਪਣੇ ਬੱਚੇ ਨੂੰ ਬਹੁਤ ਸਾਰੇ ਪ੍ਰਸ਼ਨ ਪੁੱਛੋ।**

ਕੀ? ਕਦੋਂ? ਕਿੱਥੇ? ਕਿਉਂ?

**3 ਆਪਣੇ ਬੱਚੇ ਨੂੰ ਇਸ ਬਾਰੇ ਸੋਚਣ ਲਈ ਕਹੋ ਕਿ ਅੱਗੇ ਕੀ ਵਾਪਰ ਸਕਦਾ ਹੈ।**

ਜੇ ਇਹ ਇਕ ਕਿਤਾਬ ਹੈ, ਤਾਂ ਸਾਹਮਣੇ ਦੇ ਕਵਰ ਨੂੰ—ਜਾਂ ਆਖਰੀ ਪਾਠ ਨੂੰ ਦੇਖੋ—ਅਤੇ ਇਸ ਬਾਰੇ ਗੱਲ ਕਰੋ ਕਿ ਅੱਗੇ ਕੀ ਵਾਪਰ ਸਕਦਾ ਹੈ।

**4 ਜਦੋਂ ਤੁਹਾਡਾ ਬੱਚਾ ਪੜ੍ਹਨਾ ਸਮਾਪਤ ਕਰ ਲਵੇ, ਪੜ੍ਹੇ ਪਾਠ ਵਿਚ ਜੋ ਵਾਪਰਿਆ ਹੋਏ ਉਸ ਬਾਰੇ ਗੱਲ ਕਰੋ।**

ਤੁਹਾਡੇ ਬੱਚੇ ਦੁਆਰਾ ਜੋ ਕੁਝ ਵੀ ਪੜ੍ਹਿਆ ਗਿਆ ਹੈ, ਉਸਨੂੰ ਯਾਦ ਰੱਖਣ ਲਈ ਤੁਸੀਂ ਆਪਣੇ ਬੱਚੇ ਨੂੰ ਪੜ੍ਹਨ ਵਾਲੀ ਡਾਇਰੀ ਰੱਖਣ ਲਈ ਕਹਿ ਸਕਦੇ ਹੋ।

**5 ਜੋ ਕੁਝ ਤੁਹਾਡੇ ਬੱਚੇ ਦੁਆਰਾ ਪੜ੍ਹਿਆ ਗਿਆ ਹੈ ਉਸ ਬਾਰੇ ਲਿਖਣ ਲਈ ਆਪਣੇ ਬੱਚੇ ਨੂੰ ਕਹੋ।**

ਪੜ੍ਹੀ ਗਈ ਕਿਸੇ ਵੀ ਚੀਜ਼ ਬਾਰੇ ਲਿਖਣ, ਜਾਂ ਤਸਵੀਰਾਂ ਬਣਾਉਣ ਲਈ ਕਹੋ!

**6 ਪੜ੍ਹੀ ਗਈ ਚੀਜ਼ ਬਾਰੇ ਜਿੰਨਾ ਹੋ ਸਕੇ ਗੱਲ ਕਰੋ।**

ਜਦੋਂ ਤੁਸੀਂ ਪੜ੍ਹਨ ਬਾਰੇ ਗੱਲ ਕਰਦੇ ਹੋ, ਤੁਸੀਂ ਆਪਣੇ ਬੱਚੇ ਨੂੰ ਇਹ ਦਰਸਾਉਂਦੇ ਹੋ ਕਿ ਇਹ ਕਿੰਨਾ ਮਹੱਤਵਪੂਰਨ ਹੈ।

**7 ਪੜ੍ਹਨ ਪ੍ਰਤੀ ਪਿਆਰ ਨੂੰ ਸਾਂਝਾ ਕਰੋ।**

ਤੁਹਾਡਾ ਬੱਚਾ ਪੂਰੇ ਪਰਿਵਾਰ ਨੂੰ ਪੜ੍ਹਨ ਲਾ ਸਕਦਾ ਹੈ!
**'ਦਾਦਾ ਜੀ ਤੁਹਾਨੂੰ ਇਸ ਕਿਤਾਬ ਨੂੰ ਪੜ੍ਹਨਾ ਚਾਹੀਦਾ ਹੈ, ਕਿਉਂਕਿ ਤੁਸੀਂ ਮਜ਼ਾਕੀਆ ਕਹਾਣੀਆਂ ਪਸੰਦ ਕਰਦੇ ਹੋ'**

Education Endowment Foundation